28 Oct.-GRP-Pages.qxd 10/28/2025 10:36 PM Page 1



# ਝੋਨੇ ਦੀ ਢੋਆ-ਢੁਆਈ ਨਾ ਹੋਣ ਕਾਰਨ ਆੜ੍ਹਤੀਆਂ, ਮਜ਼ਦੂਰਾਂ, ਕਿਸਾਨਾਂ ਤੇ ਟਰੱਕ ਆਪਰੇਟਰਾਂ ਵਲੋਂ ਦੂਸਰੇ ਦਿਨ ਵੀ ਚੱਕਾ ਜਾਮ

## ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਦੇ ਭਰੋਸੇ ਤੋਂ ਬਾਅਦ ਦੇਰ ਸ਼ਾਮ ਧਰਨਾ ਸਮਾਪਤ

ਘੁਮਾਣ, 28 ਅਕਤੂਬਰ (ਬੰਮਰਾਹ)-ਝੋਨੇ ਦੀ ਢੋਆ-ਢੁਵਾਈ ਨਾ ਹੋਣ ਕਾਰਨ ਆੜ੍ਹਤੀਆਂ, ਮਜ਼ਦੂਰਾਂ, ਕਿਸਾਨਾਂ ਤੇ ਟਰੱਕ ਆਪਰੇਟਰਾਂ ਵਲੋਂ ਘੁਮਾਣ ਚੌਕ 'ਚ ਦੂਸਰੇ ਦਿਨ ਵੀ ਧਰਨਾ ਲਗਾਤਾਰ ਜਾਰੀ ਰਿਹਾ। ਆੜ੍ਹਤੀਆਂ, ਮਜ਼ਦੂਰਾਂ, ਕਿਸਾਨਾਂ ਤੇ ਟਰੱਕ ਅਪਰੇਟਰਾਂ ਵਲੋਂ ਨੈਸ਼ਨਲ ਹਾਈਵੇ 503 ਏ ਅੰਮ੍ਰਿਤਸਰ ਤੋਂ ਸ੍ਰੀ ਹਰਿਗੋਬਿੰਦਪੁਰ ਉਨ੍ਹਾਂ ਨੇ ਝੋਨੇ ਨਾਲ ਭਰੇ ਤੇ ਖਾਲੀ ਟਰੱਕ ਲਗਾ ਕੇ ਚੱਕਾ ਜਾਮ ਕੀਤਾ ਹੋਇਆ ਸੀ। ਧਰਨੇ 'ਚ ਜ਼ਿਲ੍ਹੇ ਪੱਧਰ ਦਾ ਕੋਈ ਵੀ ਅਧਿਕਾਰੀ ਧਰਨਾਕਾਰੀਆਂ ਦੀ ਗੱਲਬਾਤ ਸੁਣਨ ਲਈ ਨਹੀਂ ਪਹੁੰਚਿਆ, ਭਾਵੇਂ ਕਿ ਹੇਠਲੇ ਪੱਧਰ ਦੇ ਮੁਲਾਜ਼ਮ ਇਸ ਧਰਨੇ 'ਚ ਪਹੁੰਚ ਕੇ ਧਰਨਾ ਸਮਾਪਤ ਕਰਨ ਲਈ ਕਹਿੰਦੇ ਰਹੇ, ਪਰ ਐਸੋਸੀਏਸ਼ਨ ਇਸ ਗੱਲ 'ਤੇ ਅੜੀ ਰਹੀ ਕਿ ਜਿਨ੍ਹਾਂ ਚਿਰ ਤੱਕ ਸਰਕਾਰ ਵਲੋਂ ਜਾਰੀ ਕੀਤੇ ਗਏ ਰਿਲੀਜ਼ ਆਰਡਰਾਂ ਦੇ ਗੇਟ ਪਾਸ ਨਹੀਂ ਕੱਟੇ ਜਾਂਦੇ ਉਨ੍ਹਾਂ ਚਿਰ ਤੱਕ ਧਰਨਾ ਸਮਾਪਤ ਨਹੀਂ ਹੋਵੇਗਾ। ਦੇਰ ਸ਼ਾਮ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਧਰਨੇ 'ਚ ਪਹੁੰਚੇ ਤੇ ਧਰਨਾਕਾਰੀਆਂ ਦੀ ਗੱਲਬਾਤ ਸੁਣੀ। ਵਿਧਾਇਕ ਕਿਸ਼ਨਕੋਟ ਨੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਜਿਨ੍ਹਾਂ ਮੰਡੀਆਂ ਵਿਚ ਰਿਲੀਜ਼ ਆਰਡਰ ਜਾਰੀ ਕੀਤੇ ਗਏ ਹਨ, ਉਨ੍ਹਾਂ ਦੇ ਗੇਟ ਪਾਸ ਕੱਟੇ ਜਾਣ। ਇਸ ਮੌਕੇ ਉਨ੍ਹਾਂ ਨੇ ਧਰਨਾਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ 'ਚ ਅਜਿਹੀ ਕੋਈ ਵੀ ਸਮੱਸਿਆ ਨਹੀਂ ਆਵੇਗੀ, ਜਿਸ 'ਤੇ ਧਰਨਾਕਾਰੀਆਂ ਨੇ ਦੇਰ ਸ਼ਾਮ ਨੂੰ ਧਰਨਾ ਸਮਾਪਤ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਰਿਲੀਜ਼ ਆਰਡਰ ਮੁਤਾਬਕ ਗੇਟ ਪਾਸ ਕੱਟਣੇ ਸ਼ੁਰੂ ਹੋ ਗਏ ਹਨ। ਜੇਕਰ ਫਿਰ ਵੀ ਕੋਈ ਸਮੱਸਿਆ ਆਈ ਤਾਂ ਵੱਡਾ ਸੰਘਰਸ਼ ਉਲੀਕਾਂਗੇ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ ਨਿੰਦੀ, ਸਾਹਿਬ ਸਿੰਘ ਮੰਡ, ਪ੍ਰਧਾਨ ਪਰਜਿੰਦਰ ਸਿੰਘ ਪੱਪੀ, ਪ੍ਰਧਾਨ ਹਰਵਿੰਦਰ ਸਿੰਘ ਰਾਣਾ ਸੰਧਵਾਂ, ਪ੍ਰਧਾਨ ਮੋਨੂ ਐਨੋਕੋਟ, ਤਰਸੇਮ ਸਿੰਘ ਐਨੋਕੋਟ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜੋਨ ਭਗਤ ਨਾਮਦੇਵ ਦੇ ਪ੍ਰਧਾਨ ਸਤਨਾਮ ਸਿੰਘ ਮਧਰਾ, ਸਰਬਜੀਤ ਸਿੰਘ ਲੱਧਾ ਮੁੰਡਾ, ਜਗਦੀਸ਼ ਸਿੰਘ ਚਾਚੋਕੇ, ਜਸ ਸੰਧਵਾਂ, ਰਾਜਾ ਚੌਲ ਚੱਕ, ਵਰਨ ਕੁਮਾਰ, ਸਿੰਘ ਪਹਿਲਵਾਨ, ਸਤਨਾਮ ਸਿੰਘ, ਪਰਮਿੰਦਰ ਸਿੰਘ ਪੱਡਾ, ਦਲਬੀਰ ਸਿੰਘ ਪੱਡਾ ਰਵੀ ਦਕੋਹਾ, ਤੇਜਾ ਸਿੰਘ, ਸੁਖਬੀਰ ਸਿੰਘ ਅਠਵਾਲ, ਦਿਲਬਾਗ ਸਿੰਘ ਚੌਣੇ, ਮਾਸਟਰ ਹਰਜੀਤ ਸਿੰਘ ਬੋਲੇਵਾਲ, ਸਰਬਜੀਤ ਸਿੰਘ ਵੀਲਾ ਬੱਜੂ, ਠਾਕੁਰ ਸਿੰਘ ਊਧਨਵਾਲ, ਸੁਖਜਿੰਦਰ ਸਿੰਘ ਲਾਲੀ, ਕਰਨ ਘੁਮਾਣ, ਸਿਕੰਦਰ ਸਿੰਘ ਭੱਟੀਵਾਲ ਆਦਿ ਹਾਜ਼ਰ ਸਨ।



ਘੁਮਾਣ ਚੌਕ ਵਿਖੇ ਲੱਗੇ ਧਰਨੇ ਦੌਰਾਨ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ ਆੜ੍ਹਤੀਆਂ, ਕਿਸਾਨਾਂ, ਮਜ਼ਦੂਰਾਂ ਤੇ ਟਰੱਕ ਆਪਰੇਟਰਾਂ ਨੂੰ ਭਰੋਸਾ ਦਿੰਦੇ ਹੋਏ। ਤਸਵੀਰ : ਬੰਮਰਾਹ

# ਮਾਪਿਆਂ ਨਾਲ ਸਾਈਕਲ 'ਤੇ ਆ ਰਹੀ ਬੱਚੀ ਦਾ ਚਿਹਰਾ ਚਾਈਨਾ ਡੋਰ ਨੇ ਕੱਟਿਆ, ਲੱਗੇ 50 ਟਾਂਕੇ

ਬਟਾਲਾ, 28 ਅਕਤੂਬਰ (ਸਤਿੰਦਰ ਸਿੰਘ)-ਆਪਣੇ ਮਾਤਾ-ਪਿਤਾ ਨਾਲ ਸਾਈਕਲ 'ਤੇ ਆ ਰਹੀ ਸਾਢੇ 3 ਸਾਲਾ ਬੱਚੀ ਦਾ ਚਿਹਰਾ ਚਾਈਨਾ ਡੋਰ ਨਾਲ ਕਟਿਆ ਗਿਆ, ਜਿਸ ਦੇ 50 ਟਾਂਕੇ ਲੱਗੇ। ਬੱਚੀ ਦੇ ਪਿਤਾ ਸੁਖਚੈਨ ਸਿੰਘ ਵਾਸੀ ਮੂਲਿਆਂਵਾਲ ਨੇ ਦੱਸਿਆ ਕਿ ਉਹ ਆਪਣੀ ਪਤਨੀ ਤੇ ਬੱਚੀ ਨਾਲ ਸਾਈਕਲ 'ਤੇ ਸਹੁਰੇ ਘਰ ਤੋਂ ਵਾਪਸ ਆ ਰਿਹਾ ਸੀ, ਜਦੋਂ ਉਹ ਸਥਾਨਕ ਗੁਰਦਾਸਪੁਰ ਰੋਡ 'ਤੇ ਬਿਜਲੀ ਘਰ ਨਜ਼ਦੀਕ ਪਹੁੰਚਿਆ ਤਾਂ ਬੱਚੀ ਉੱਚੀ-ਉੱਚੀ ਰੋਣ ਲੱਗ ਪਈ। ਉਸ ਨੇ ਦੱਸਿਆ ਕਿ ਜਦੋਂ ਸਾਈਕਲ ਰੋਕ ਕੇ ਵੇਖਿਆ ਤਾਂ ਉਸ ਦਾ ਚਿਹਰਾ ਬੁਰੀ ਤਰ੍ਹਾਂ ਕੱਟਿਆ ਗਿਆ ਸੀ ਤੇ ਖ਼ੂਨ ਵਗ ਰਿਹਾ ਸੀ। ਉਸ ਨੇ ਕਿਹਾ ਕਿ ਮੇਰੀ ਪਤਨੀ ਨੂੰ ਵੀ ਮਾਮੂਲੀ ਸੱਟ ਲੱਗੀ। ਉਸ ਨੇ ਕਿਹਾ ਕਿ ਬੱਚੀ ਨੂੰ ਤੁਰੰਤ ਸਥਾਨਕ ਕਾਦੀਆਂ ਰੋਡ 'ਤੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿੱਥੇ ਉਸ ਦੇ ਚਿਹਰੇ 'ਤੇ 50 ਟਾਂਕੇ ਲੱਗੇ। ਉਨ੍ਹਾਂ ਕਿਹਾ ਕਿ ਡਾਕਟਰਾਂ ਨੇ ਪੁਸ਼ਟੀ ਕੀਤੀ ਕਿ ਚਾਈਨਾ ਡੋਰ ਨੇ ਉਸ ਦੇ ਚਿਹਰੇ ਨੂੰ ਨੁਕਸਾਨ ਪਹੁੰਚਾਇਆ ਹੈ। ਲੜਕੀ ਦੇ ਪਿਤਾ ਸੁਖਚੈਨ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜ਼ਿਲ੍ਹਾ ਸਿਵਲ ਲਾਈਨ ਥਾਣਾ ਦੇ ਏ.ਐੱਸ.ਆਈ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੁਖਚੈਨ ਸਿੰਘ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।



ਬੱਚੀ ਦੇ ਕੱਟੇ ਚਿਹਰੇ 'ਤੇ ਲੱਗੇ ਟਾਂਕੇ। ਤਸਵੀਰ : ਜਤਿੰਦਰ ਕੱਦ

# ਬਿਨ੍ਹਾਂ ਸੂਚਨਾ ਦੇ ਲਗਾਏ ਜਾ ਰਹੇ ਬਿਜਲੀ ਕੱਟਾਂ ਤੋਂ ਲੋਕ ਪ੍ਰੇਸ਼ਾਨ

ਗੁਰਦਾਸਪੁਰ, 28 ਅਕਤੂਬਰ (ਅਸ਼ੋਕ ਸ਼ਰਮਾ)-ਪਾਵਰਕਾਮ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਅਗਾਊਂ ਸੂਚਨਾ ਦਿੱਤੇ ਬਿਨ੍ਹਾਂ ਹੀ ਲੰਮੇ ਲੰਮੇ ਕੱਟ ਲਗਾਏ ਜਾ ਰਹੇ ਹਨ। ਜਿਸ ਨਾਲ ਕਾਰੋਬਾਰੀ ਅਤੇ ਆਮ ਜਨਤਾ ਕਾਫ਼ੀ ਪ੍ਰੇਸ਼ਾਨ ਹੋਈ ਪਈ ਹੈ। ਇਸ ਸਬੰਧੀ ਸ਼ਹਿਰ ਵਾਸੀਆਂ ਨੇ ਦੱਸਿਆ ਕਿ ਬਿਜਲੀ ਅਧਿਕਾਰੀਆਂ ਵਲੋਂ ਪਹਿਲਾਂ ਲਿਖਤੀ ਤੌਰ 'ਤੇ ਬਿਜਲੀ ਕੱਟਾਂ ਬਾਰੇ ਸੂਚਿਤ ਕੀਤਾ ਜਾਂਦਾ ਸੀ। ਪਰ ਹੁਣ ਮਹਿਕਮਾ ਲਾਪਰਵਾਹੀ ਵਰਤ ਕੇ ਜਨਤਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਅਚਾਨਕ ਬਿਜਲੀ ਦੇ ਕੱਟ ਲੱਗਣ ਨਾਲ ਜਿਥੇ ਲੋਕਾਂ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਲੋਕਾਂ ਦੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ। ਸ਼ਹਿਰ ਵਾਸੀਆਂ ਤੇ ਉਦਯੋਗਪਤੀਆਂ ਨੇ ਐਸ.ਈ ਪਾਵਰਕਾਮ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਬਿਜਲੀ ਕੱਟਾਂ ਬਾਰੇ ਲੋਕਾਂ ਨੂੰ ਅਗਾਊਂ ਸੂਚਿਤ ਕਰਨ ਲਈ ਮਹਿਕਮੇ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ, ਜਿਸ ਨਾਲ ਲੋਕਾਂ ਨੂੰ ਪ੍ਰੇਸ਼ਾਨੀ ਨਾ ਆਵੇ।



ਮੀਟਿੰਗ ਦੌਰਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਮੈਂਬਰ। ਤਸਵੀਰ : ਜਤਿੰਦਰ ਕੱਦ

# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਮੀਟਿੰਗ 'ਚ ਪ੍ਰਧਾਨ ਡਾ. ਦਰਸ਼ਨਪਾਲ ਹੋਏ ਸ਼ਾਮਿਲ

ਬਟਾਲਾ, 28 ਅਕਤੂਬਰ (ਸਤਿੰਦਰ ਸਿੰਘ)-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਜ ਗੁਰਵਿੰਦਰ ਸਿੰਘ ਲਾਡੀ ਘੁਮਾਣ ਦੀ ਅਗਵਾਈ ਹੇਠ ਗੁਰਦੁਆਰਾ ਮੱਲ੍ਹ ਸਾਹਿਬ ਜੀ ਹਰਪੁਰਾ ਵਿਖੇ ਹੋਈ। ਮੀਟਿੰਗ 'ਚ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਵਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਦਰਸ਼ਨਪਾਲ ਦੀ ਹਾਜ਼ਰੀ 'ਚ ਜ਼ਿਲ੍ਹਾ ਪ੍ਰਧਾਨ ਰਾਜ ਗੁਰਿਦਰ ਸਿੰਘ ਲਾਡੀ ਘੁਮਾਣ ਜ਼ਿਲ੍ਹਾ, ਸੀਨੀਅਰ ਮੀਤ ਪ੍ਰਧਾਨ ਬਚਨ ਸਿੰਘ ਭੰਬੋਈ ਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਮੀਤ ਸਿੰਘ, ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਹਰਪੁਰਾ, ਖ਼ਜ਼ਾਨਚੀ ਬਲਦੇਵ ਸਿੰਘ ਕਲੇਰ, ਲਖਬੀਰ ਸਿੰਘ ਹਰਪੁਰਾ, ਜਿੰਦਾ ਨਾਥਪੁਰ, ਬੂੜ ਸਿੰਘ ਕਲੇਰ, ਘਰਬਿੰਦਰ ਸਿੰਘ ਕੋਹਾਲੀ, ਲਖਵਿੰਦਰ ਸਿੰਘ ਪ੍ਰਤਾਪਗੜ੍ਹ, ਸਮਸ਼ੇਰ ਸਿੰਘ ਹਰਪੁਰਾ ਆਦਿ ਜ਼ਿਲ੍ਹਾ ਅਤੇ ਬਲਾਕ ਲੀਡਰਾਂ ਵਲੋਂ ਘੁਮਾਣ, ਕੰਡੀਲਾ, ਮਧਰਾ, ਨੱਥੂ ਖਹਿਰਾ ਧਾਰੀਵਾਲ ਤੇ ਹੋਰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡਾਂ 'ਚੋਂ ਵੱਡੀ ਵਿਚ ਕਿਸਾਨਾਂ ਨੂੰ ਯੂਨੀਅਨ ਵਿਚ ਸ਼ਾਮਿਲ ਕਰਵਾ ਯੂਨੀਅਨ ਵਿਚ ਵਿਸਥਾਰ ਕਰਦਿਆਂ ਹੋਇਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ, ਜਿਸ ਵਿਚ ਸੰਤੋਖ ਸਿੰਘ ਮਧਰਾ ਜ਼ਿਲ੍ਹਾ ਲੀਗ ਸਲਾਹਕਾਰ, ਪ੍ਰਿੰ. ਛੀਨਾ ਜ਼ਿਲ੍ਹਾ ਸਕੱਤਰ, ਹਰਪਾਲ ਸਿੰਘ ਨੱਥੂ ਖਹਿਰਾ ਜ਼ਿਲ੍ਹਾ ਮੀਤ ਪ੍ਰਧਾਨ, ਜਸਪਾਲ ਸਿੰਘ ਕੰਡੀਲਾ ਜ਼ਿਲ੍ਹਾ ਸਲਾਹਕਾਰ, ਦਲਬੀਰ ਸਿੰਘ ਘੁਮਾਣ ਬਲਾਕ ਪ੍ਰਧਾਨ ਸ੍ਰੀ ਹਰਗੋਬਿੰਦਪੁਰ ਸਾਹਿਬ, ਹੀਰਾ ਸਿੰਘ ਕੰਡੀਲਾ ਸੀਨੀਅਰ ਮੀਤ ਪ੍ਰਧਾਨ ਬਲਾਕ ਕਾਦੀਆਂ ਨਿਯੁਕਤ ਕੀਤੇ ਗਏ। ਇਸ ਮੌਕੇ ਸੂਬਾ ਪ੍ਰਧਾਨ ਡਾ. ਦਰਸ਼ਨਪਾਲ ਸਿੰਘ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ 14 ਨਵੰਬਰ ਨੂੰ ਕੱਢੇ ਜਾ ਰਹੇ ਮਾਰਚ ਵਿਚ ਵੀ ਜਥੇਬੰਦੀ ਦੇ ਨੁਮਾਇੰਦੇ ਵੱਡੀ ਗਿਣਤੀ 'ਚ ਸ਼ਾਮਿਲ ਹੋਣਗੇ। ਇਸ ਮੌਕੇ ਸਰੂਪ ਸਿੰਘ ਘੁਮਾਣ, ਸੁਰਿੰਦਰ ਸਿੰਘ ਸ਼ਾਹ ਘੁਮਾਣ, ਕੁਲਦੀਪ ਰਾਜ ਬਟਾਲਾ, ਸਰਬਜੀਤ ਸਿੰਘ ਭੰਬੋਈ, ਗੁਰਮੀਤ ਸਿੰਘ ਰਾਮਪੁਰ, ਰਛਪਾਲ ਸਿੰਘ ਕਾਜ਼ਮਪੁਰ, ਰਵਿੰਦਰ ਸਿੰਘ ਕਾਜ਼ਮਪੁਰ, ਲਖਵਿੰਦਰ ਸਿੰਘ ਹਰਪੁਰਾ, ਸੁਖਦੇਵ ਸਿੰਘ ਹਰਪੁਰਾ, ਸੰਤੋਖ ਸਿੰਘ, ਬਿਕਰਮਜੀਤ ਸਿੰਘ, ਤਰਸੇਮ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ, ਕਸ਼ਮੀਰ ਸਿੰਘ, ਅਮਰ ਸਿੰਘ, ਝਿਰਮਲ ਸਿੰਘ, ਲਾਲ ਸਿੰਘ, ਹਰਦੀਪ ਸਿੰਘ, ਅਜੀਤ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਜੋਗਿੰਦਰ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ, ਕੁਲਵੰਤ ਸਿੰਘ, ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ, ਗੁਰਵਿੰਦਰ ਸਿੰਘ, ਜਤਿੰਦਰਜੀਤ ਸਿੰਘ, ਜਗਦੇਵ ਸਿੰਘ, ਕਰਨ ਸਿੰਘ, ਹਰਵਿੰਦਰ ਸਿੰਘ, ਸਲਵਿੰਦਰ ਸਿੰਘ, ਕਸ਼ਮੀਰ ਸਿੰਘ, ਤਰਸੇਮ ਸਿੰਘ, ਸਰਦਾਰ ਸਿੰਘ, ਦਰਸ਼ਨ ਸਿੰਘ, ਕੈਪਟਨ ਸਿੰਘ, ਲਾਭਜੀਤ ਸਿੰਘ, ਕੁਲਵੰਤ ਸਿੰਘ, ਸਰੂਪ ਸਿੰਘ, ਜੋਗਿੰਦਰ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਬਖ਼ਸ਼ਿੰਦਰ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਅਜਮੇਰ ਸਿੰਘ, ਰਤਨ ਸਿੰਘ, ਸੁਰਪ੍ਰੀਤ ਸਿੰਘ, ਮੁਖਤਿਆਰ ਸਿੰਘ, ਪਰਮਿੰਦਰ ਸਿੰਘ, ਸਰੂਪ ਸਿੰਘ, ਸਹਿਲਪ੍ਰੀਤ ਸਿੰਘ, ਸੂਰਤ ਸਿੰਘ ਗਿੱਲ ਆਦਿ ਹਾਜ਼ਰ ਸਨ।

# ਕੁੱਟਮਾਰ ਕਰਨ ਵਾਲੇ 3 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, 28 ਅਕਤੂਬਰ (ਅਸ਼ੋਕ ਸ਼ਰਮਾ)-ਪੁਲਿਸ ਸਟੇਸ਼ਨ ਪੁਰਾਣਾ ਸ਼ਾਲਾ 'ਚ ਪੈਂਦੇ ਪਿੰਡ ਕਰਵਾਲ ਵਿਖੇ ਪੁਰਾਣੀ ਰੰਜਿਸ਼ ਤਹਿਤ ਇਕ ਵਿਅਕਤੀ ਦੀ ਨਾਜਾਇਜ਼ ਤੌਰ 'ਤੇ ਕੁੱਟਮਾਰ ਕਰਨ ਦੇ ਦੋਸ਼ਾਂ ਹੇਠ 3 ਵਿਅਕਤੀਆਂ ਖ਼ਿਲਾਫ਼ ਸ਼ਾਲਾ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ.ਐਸ.ਆਈ ਦੇਸ ਰਾਜ ਨੇ ਦੱਸਿਆ ਕਿ ਪੀੜਤ ਯਸ਼ਪਾਲ ਪੁੱਤਰ ਓਮ ਪ੍ਰਕਾਸ਼ ਵਾਸੀ ਕਰਵਾਲ ਨੇ ਬਿਆਨ ਦਿੱਤੇ ਕਿ ਉਹ 16 ਅਕਤੂਬਰ ਨੂੰ ਆਪਣੇ ਪੁਰਾਣੇ ਘਰ ਵੱਲ ਫੇਰਾ ਮਾਰਨ ਜਾ ਰਿਹਾ ਸੀ ਕਿ ਜਦੋਂ ਸਵੇਰੇ 10.30 ਵਜੇ ਦੇ ਕਰੀਬ ਆਪਣੇ ਗੜਿਆਂ ਦੇ ਨੇੜੇ ਪੁੱਜਾ ਤਾਂ ਪ੍ਰਦੀਪ ਕੁਮਾਰ ਪੁੱਤਰ ਰਾਜ ਕੁਮਾਰ, ਰਾਜ ਕੁਮਾਰ ਪੁੱਤਰ ਬੰਸੀ ਲਾਲ, ਚੰਚਲ ਕੁਮਾਰੀ ਪਤਨੀ ਰਾਜ ਕੁਮਾਰ ਵਾਸੀ ਕਰਵਾਲ ਨੇ ਇਕ ਸਲਾਹ ਹੋ ਕੇ ਦਸਤੀ ਹਥਿਆਰਾਂ ਨਾਲ ਉਸ ਦੀ ਕੁੱਟਮਾਰ ਕਰਕੇ ਜ਼ਖ਼ਮੀ ਕਰ ਦਿੱਤਾ। ਪੀੜਤ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਥਾਣਾ ਪੁਰਾਣਾ ਸ਼ਾਲਾ ਪੁਲਿਸ ਨੇ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਵੱਖ-ਵੱਖ ਧਰਾਵਾਂ ਹੇਠ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਜਦੋਂਕਿ ਦੋਸ਼ੀ ਪੁਲਿਸ ਦੀ ਗ੍ਰਿਫ਼ਤ 'ਚੋਂ ਬਾਹਰ ਹਨ।

### ਪਿੰਡ ਨੱਥੂ ਖਹਿਰਾ 'ਚ ਗੁਰਮਤਿ ਸਮਾਗਮ ਅੱਜ ਤੋਂ

ਊਧਨਵਾਲ, 28 ਅਕਤੂਬਰ (ਪਰਗਟ ਸਿੰਘ)-ਪਿੰਡ ਨੱਥੂ ਖਹਿਰਾ ਦੀ ਸਮੂਹ ਸੰਗਤ ਵਲੋਂ ਸੰਤ ਬਾਬਾ ਹਜ਼ਾਰਾ ਸਿੰਘ ਨਿੱਕੇ ਘੁੰਮਣਾ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ 3 ਰੋਜ਼ਾ ਗੁਰਮਤਿ ਸਮਾਗਮ 29, 30 ਤੇ 31 ਅਕਤੂਬਰ ਦਿਨ ਬੁੱਧਵਾਰ ਵੀਰਵਾਰ ਤੇ ਸ਼ੁੱਕਰਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਭਾਈ ਜੋਗਿੰਦਰ ਸਿੰਘ, ਗੁਰਨਾਮ ਸਿੰਘ, ਸਤਨਾਮ ਸਿੰਘ ਤੇ ਗੁਰਜੀਤ ਸਿੰਘ ਨੇ ਦੱਸਿਆ ਕਿ ਸਮਾਗਮ 'ਚ ਪੰਥ ਪ੍ਰਸਿੱਧ ਢਾਡੀ ਬਲਬੀਰ ਸਿੰਘ ਪਾਰਸ, ਕੀਰਤਨੀ ਜਥਾ ਪਿੰਡ ਨੱਥੂ ਖਹਿਰਾ, ਕਵੀਸ਼ਰ ਭਾਈ ਭਗਵੰਤ ਸਿੰਘ ਸੂਰਵਿੰਡ ਵਾਲੇ, ਡਾ. ਗੁਰਮੇਜ਼ ਸਿੰਘ ਭੋਰਾ ਸਾਹਿਬ ਵਾਲੇ, ਨਿਸ਼ਕਾਮ ਕੀਰਤਨ ਜਥਾ ਡਾ. ਸ਼ਿਵ ਸਿੰਘ ਤੇ ਗੁਰਦੁਆਰਾ ਸ੍ਰੀ ਆਕਾਲ ਬੁੰਗਾ ਗੁਰਮਤਿ ਵਿਦਿਆਲਾ ਭੰਬੋਈ ਦਾ ਜਥਾ ਰੋਜ਼ਾਨਾ ਹਾਜ਼ਰੀ ਭਰੇਗਾ।

# ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਦੀ ਬਰਸੀ ਮੌਕੇ ਕਰਵਾਏ ਸਮਾਗਮ

## ਗਿਆਨੀ ਵਿਸ਼ਾਲ ਸਿੰਘ, ਗਿਆਨੀ ਜਸਵਿੰਦਰ ਸਿੰਘ ਸਮੇਤ ਹੋਰ ਪੰਥ ਪ੍ਰਸਿੱਧ ਪ੍ਰਚਾਰਕਾਂ ਨੇ ਭਰੀ ਹਾਜ਼ਰੀ

ਘੁਮਾਣ, 28 ਅਕਤੂਬਰ (ਬੰਮਰਾਹ)-ਬ੍ਰਹਮ ਗਿਆਨੀ ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਦੀ 43ਵੀਂ ਬਰਸੀ ਡੇਰਾ ਸੰਤ ਬਾਬਾ ਕਰਤਾਰ ਸਿੰਘ ਜੀ ਪਿੰਡ ਬਰਿਆਰ ਨੇੜੇ ਘੁਮਾਣ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ। 27 ਅਕਤੂਬਰ ਦੀ ਸ਼ਾਮ ਨੂੰ 7 ਵਜੇ ਤੋਂ ਰਾਤ 10 ਵਜੇ ਤੱਕ ਗਿਆਨੀ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਤੇ ਕਥਾਵਾਚਕ ਗੁਰਦੁਆਰਾ ਬੁਰਜ ਸਾਹਿਬ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। 28 ਅਕਤੂਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿਚ ਭਾਈ ਕਾਰਜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਗਿਆਨੀ ਵਿਸ਼ਾਲ ਸਿੰਘ ਮੰਜੀ ਸਾਹਿਬ ਵਾਲੇ, ਛੱਤੀਸਗੜ੍ਹ ਭਲਾਈ ਨਗਰ ਦੀਆਂ ਸੰਗਤਾਂ ਦੇ ਜਥੇ ਅਤੇ ਹੋਰ ਪੰਥ ਪ੍ਰਸਿੱਧ ਪ੍ਰਚਾਰਕ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀ ਭਰੀ। ਇਨ੍ਹਾਂ ਸਮਾਗਮਾਂ 'ਚ ਜਥੇ. ਕਸ਼ਮੀਰ ਸਿੰਘ ਬਰਿਆਰ ਸਾ. ਐੱਸ.ਜੀ.ਪੀ.ਸੀ. ਮੈਂਬਰ ਅਤੇ ਭਾਈ ਚਮਕੌਰ ਸਿੰਘ ਬਰਿਆਰ, ਮੁਖਵਿੰਦਰ ਸਿੰਘ ਬਰਿਆਰ, ਸੁਖਚੈਨ ਸਿੰਘ ਬਰਿਆਰ, ਮਨਜੀਤ ਸਿੰਘ ਬਰਿਆਰ, ਬਲਵਿੰਦਰ ਸਿੰਘ ਬਰਿਆਰ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਫ਼ਲਤਾ ਪੂਰਵਕ ਸਿਰੇ ਚਾੜ੍ਹਿਆ। ਇਨ੍ਹਾਂ ਸਮਾਗਮਾਂ 'ਚ ਤਖ਼ਤਪੁਰ, ਰਾਏਪੁਰ, ਛੱਤੀਸਗੜ੍ਹ, ਭਲਾਈ, ਟੰਡਨ ਨਗਰ, ਅੰਮ੍ਰਿਤਸਰ ਤੇ ਹੋਰ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਅਖੀਰ ਵਿਚ ਜਥੇਦਾਰ ਕਸ਼ਮੀਰ ਸਿੰਘ ਬਰਿਆਰ ਨੇ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਤੇ ਸੰਤ ਕਰਤਾਰ ਸਿੰਘ ਜੀ ਵਲੋਂ ਸ਼ੁਰੂ ਕੀਤੀ ਗਈ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲੜੀ ਨੂੰ ਹੋਰ ਵੀ ਅੱਗੇ ਵਧਾਉਣ ਲਈ ਸੰਗਤਾਂ ਦਾ ਸਹਿਯੋਗ ਮੰਗਿਆ। ਇਸ ਮੌਕੇ ਸਾ. ਚੇਅਰਮੈਨ ਤਰਲੋਕ ਸਿੰਘ ਬਾਠ, ਮਨਦੀਪ ਸਿੰਘ ਰੰਗੜ ਨੰਗਲ ਹਲਕਾ ਇੰਚਾਰਜ, ਹਰਵਿੰਦਰਪਾਲ ਸਿੰਘ ਸ਼ਾਹਬਾਦ ਸਾਬਕਾ ਉਪ ਚੇਅਰਮੈਨ ਐੱਸ.ਸੀ. ਵਿੰਗ, ਸਾਬਕਾ ਚੇਅਰਮੈਨ ਕੁਲਵੰਤ ਸਿੰਘ ਚੀਮਾ ਸਰਦੂਲ ਸਿੰਘ ਚੀਮਾ, ਹਰਬੰਸ ਸਿੰਘ ਮੰਝਪੁਰ ਸਾਬਕਾ ਮੈਂਬਰ ਐੱਸ.ਜੀ.ਪੀ.ਸੀ. ਹਰਪਾਲ ਸਿੰਘ ਝਾਮਕਾ ਐੱਸ.ਜੀ.ਪੀ.ਸੀ., ਪੁਰਸ਼ੋਤਮ ਸਿੰਘ ਚੀਮਾ, ਸਾ. ਚੇਅਰਮੈਨ ਪਰਮਿੰਦਰ ਸਿੰਘ ਪੱਡਾ, ਸਾ. ਸਰਪੰਚ ਨੰਦ ਸਿੰਘ ਮੰਡਿਆਲਾ, ਮਨੋਹਰ ਸਿੰਘ ਹਰਚੋਵਾਲ, ਮੈਨੇਜਰ ਸੁਖਜਿੰਦਰ ਸਿੰਘ ਭਾਮ, ਸਰਬਜੀਤ ਸਿੰਘ ਕਾਲੇਕੇ, ਹਰਬਖ਼ਸ਼ ਸਿੰਘ ਸ੍ਰੀ ਹਰਗੋਬਿੰਦਪੁਰ, ਮਨਜਿੰਦਰਪਾਲ ਸਿੰਘ ਬਰਿਆਰ, ਦਿਲਬਾਗ ਸੰਘਰਸ਼ਵਾਲ, ਸੁਖਦੀਪ ਸਿੰਘ ਮੀਕੇ, ਸੁਖਵਿੰਦਰ ਸਿੰਘ ਚੀਮਾ, ਬਲਜਿੰਦਰ ਸਿੰਘ ਬੰਮਰਾਹ, ਸੰਤੋਖ ਸਿੰਘ ਚੀਮਾ, ਮੇਜਰ ਸਿੰਘ ਬੁੱਟਰ, ਲਖਵਿੰਦਰ ਸਿੰਘ, ਬਲਰਾਮ ਸਿੰਘ ਸਾ. ਸਰਪੰਚ ਬਰਿਆਰ, ਗੁਰਨਾਮ ਸਿੰਘ ਮਡਿਆਲਾ, ਮੇਜਰ ਸਿੰਘ ਬੀ.ਏ. ਮੀਕੇ, ਗੁਰਦੀਪ ਸਿੰਘ ਵਾੜੇ, ਦਲਬੀਰ ਸਿੰਘ ਵਾੜੇ, ਸਾਬਕਾ ਉਪ ਚੇਅਰਮੈਨ ਮਾਸਟਰ ਹਰਬੰਸ ਸਿੰਘ ਮੰਡਿਆਲਾ, ਪ੍ਰਿਥੀਪਾਲ ਸਿੰਘ ਘੁਮਾਣ, ਮਾਸਟਰ ਚੇਚਲ ਸਿੰਘ ਧੀਰਾ, ਹਰਪਾਲ ਸਿੰਘ ਪ੍ਰੋਪਰਟੀ ਡੀਲਰ, ਡਾਕਟਰ ਮਨਪ੍ਰੀਤ ਸਿੰਘ ਬਟਾਲਾ, ਅਮਰਜੀਤ ਸਿੰਘ ਪੁਰਬਾ, ਜੋਗਾ ਸਿੰਘ ਬੇਦੀ, ਸੁਖਦੇਵ ਸਿੰਘ ਮੱਲੋਵਾਲੀ, ਮਾਸਟਰ ਜਗਜੀਤ ਸਿੰਘ ਬੇਦੀ, ਸਾ. ਸਰਪੰਚ ਪਲਵਿੰਦਰ ਸਿੰਘ ਪੇਜੋਚੱਕ, ਸਾ. ਸਰਪੰਚ ਬਚਿੱਤਰ ਸਿੰਘ ਜਾਲੀਆਂ ਆਦਿ ਸੰਗਤਾਂ ਹਾਜ਼ਰ ਸਨ।



ਸੰਤ ਬਾਬਾ ਕਰਤਾਰ ਸਿੰਘ ਜੀ ਬਰਿਆਰਾਂ ਵਾਲਿਆਂ ਦੀ ਬਰਸੀ ਮੌਕੇ ਕਰਵਾਏ ਸਮਾਗਮ ਦੌਰਾਨ ਹਾਜ਼ਰੀ ਭਰਦੇ ਕੀਰਤਨੀ ਜਥੇ ਤੇ ਪ੍ਰਚਾਰਕ। ਤਸਵੀਰ : ਬੰਮਰਾਹ

### 'ਅਜੀਤ' ਉਪ ਦਫ਼ਤਰਾਂ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰਾਂ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਬਟਾਲਾ**

89-90, ਮਹਾਰਾਜਾ ਮਾਰਕੀਟ — 96469-99181
ਬੱਸ ਸਟੈਂਡ ਦੇ ਸਾਹਮਣੇ — 01871-500148

**ਗੁਰਦਾਸਪੁਰ**

33-35A ਸ਼ਾਪਿੰਗ ਕੰਪਲੈਕਸ ਇੰਪਰੂਵਮੈਂਟ ਟਰੱਸਟ ਕਾਲੋਨੀ ਸਕੀਮ ਨੰ: 5 ਜੇਲ੍ਹ ਰੋਡ, ਸਾਹਮਣੇ ਜਵਾਹਰ ਐਨਕਲੇਵ (ਡਾਲਾ ਫਾਰਮ) — 81959-31919, 01874-242488


**The Salvation Army MacRobert Hospital College of Nursing**
Opposite: Railway Station, Dhariwal Gurdaspur Punjab. Contact No: 8558911815, 8699423925, Email: dhariwalmacrobertnsgschool@gmail.com

**Semi Online Counselling**
For Leftover Seats in GNM Course
**Eligibility** : 10+2 Passed (with 45%) with Subject English Punjab and Other State (Session 2025-2026)
Only the candidates, who have completed application in all respects on Counselling admission portal 2025-2026 of PNRC and not holding any seat in any institute, is allowed to appear in this counselling.
**Counselling:** is on 30th October, 2025, Thursday at 12.00 Noon in College Campus.
**Principal**

**CITY INSTITUTE OF PARAMEDICAL SCIENCES**
Opposite Milk Plant, G.T. Road, Gurdaspur, Punjab
Contact No. 98036-70030 & 94172-31414
Email Id :- cnc.gsp@gmail.com Website :- www.cnc.org.in
Semi Online Counselling
For Leftover Seats in ANM & GNM Course
Eligibility :- 10+2 Passed (with 45%) with Subject English PUNJAB AND OTHER STATE (Session 2025-26)
Only the candidates, who have completed application in all respects on Counselling admission portal 2025-26 of PNRC and not holding any seat in any institute, is allowed to appear in this counselling.
**COUNSELLING** is on 31st October, 2025, Friday at 9.00 AM in College Campus.
Principal

**J.U.S.S. INSTITUTE OF NURSING & MEDICAL SCIENCES, VPO SEKHWAN, DISTT GURDASPUR**
(Situated At Batala-Khanuwan Road) Mob: 84275-55334
**DIRECT ADMISSION**
Post Basic B.Sc Nursing College level counselling will be held on 30 Oct 2025 at Principal's office in presence of University nominee at college Campus.
**Dr. Sunil Kumar Bhambhu**
**Principal**

**Mata Gujri Memorial College of Education, Balwanda, Gurdaspur**
Invites online applications for the post of Assistant Professor on regular basis. One each in Perspectives in Education/Foundation course (Philosophy, Psychology and Sociology) Pedagogy of English, Punjabi, Hindi, Mathematics, History, Social Science.(https://www.mgmcollegeofeducation.com/career) (kuldip.mgm@gmail.com). Qualification and Grade as per UGC/NCTE/Punjab Govt./GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Performa (as per Annexure-IV) available in CDC Portal on University Website (www.gndu.ac.in) and submit it along with the application.

